Punjabi - Number 103c
August 2023

# ਹੰਗਾਮੀ ਸਥਿਤੀ (ਐਮਰਜੈਂਸੀ) ਦੌਰਾਨ ਲੌਂਗ-ਟਰਮ ਦੇਖਭਾਲ ਵਿਚ ਬਜ਼ੁਰਗਾਂ ਦੀ ਦੇਖਭਾਲ

## Caring for Seniors in Long-Term Care in an Emergency

ਖ਼ਤਰੇ, ਜਿਵੇਂ ਕਿ ਜੰਗਲ ਦੀਆਂ ਅੱਗਾਂ, ਹੜ੍ਹ ਅਤੇ ਭੂਚਾਲ, ਕਿਸੇ ਵੀ ਸਮੇਂ ਹੋ ਸਕਦੇ ਹਨ। ਐਮਰਜੈਂਸੀ ਲਈ ਯੋਜਨਾ ਬਣਾਉਣ ਜਾਂ ਉਹਨਾਂ ਦਾ ਜਵਾਬ ਦੇਣ ਵੇਲੇ ਲੌਂਗ-ਟਰਮ ਕੇਅਰ ਵਿੱਚ ਰਹਿ ਰਹੇ ਬਜ਼ੁਰਗਾਂ ਦੀਆਂ ਲੋੜਾਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੈ।

### ਲੌਂਗ-ਟਰਮ ਦੇਖਭਾਲ ਸੁਵਿਧਾ ਵਿੱਚ ਪਰਿਵਾਰਕ ਸਦੱਸਾਂ ਦੀ ਦੇਖਭਾਲ ਕਿਵੇਂ ਕੀਤੀ ਜਾਂਦੀ ਹੈ?

ਬੀਸੀ ਦੀਆਂ ਸਿਹਤ ਸੰਬੰਧੀ ਅਥਾਰਿਟੀਆਂ ਵਾਸਤੇ ਸਾਰੀਆਂ ਸਿਹਤ ਦੀ ਦੇਖਭਾਲ ਅਤੇ ਲੌਂਗ-ਟਰਮ ਦੇਖਭਾਲ ਸੁਵਿਧਾਵਾਂ ਵਾਸਤੇ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਯੋਜਨਾਵਾਂ ਹੋਣਾ ਜਰੂਰੀ ਹੈ। ਹੰਗਾਮੀ ਸਥਿਤੀ (ਐਮਰਜੈਂਸੀ) ਦੇ ਦੌਰਾਨ, ਸਿਹਤ ਸੰਬੰਧੀ ਅਥਾਰਿਟੀਆਂ ਹਸਪਤਾਲਾਂ ਅਤੇ ਦੂਸਰੀਆਂ ਸਿਹਤ ਦੀ ਦੇਖਭਾਲ ਦੀਆਂ ਸੁਵਿਧਾਵਾਂ ਵਿਚੋਂ ਹਟਾਏ ਗਏ ਵਿਅਕਤੀਆਂ ਦੀ ਦੇਖਭਾਲ ਕਰਨਾ ਜਾਰੀ ਰੱਖਣਗੀਆਂ।

ਕਮਿਊਨਿਟੀ ਕੇਅਰ ਐਂਡ ਅਸਿਸਟੇਡ ਲਿਵਿੰਗ ਐਕਟ (Community Care and Assisted Living Act) ਲਈ ਸਾਰੀਆਂ ਲਾਇਸੰਸਸ਼ੁਦਾ ਲੌਂਗ-ਟਰਮ ਦੇਖਭਾਲ ਸੁਵਿਧਾਵਾਂ ਲਈ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਆਪਣੀ ਯੋਜਨਾ ਹੋਣਾ ਜਰੂਰੀ ਹੈ।ਯੋਜਨਾ ਵਿੱਚ ਕਿਸੇ ਵੀ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰੀ ਕਰਨ, ਉਸਦਾ ਜਵਾਬ ਦੇਣ ਅਤੇ ਉਸ ਤੋਂ ਮੁੜ ਕੇ ਵਾਪਸ ਆਉਣ ਲਈ ਬਿਧੀਆਂ ਸ਼ਾਮਲ ਹੋਣਾ ਜ਼ਰੂਰੀ ਹੈ।ਇਸ ਵਿੱਚ, ਉਨ੍ਹਾਂ ਦੀ ਦੇਖਭਾਲ ਹੇਠ ਲੋਕਾਂ ਨੂੰ ਹਟਾਉਣ ਲਈ ਬਿਧੀਆਂ ਸ਼ਾਮਲ ਹਨ, ਲੋੜ ਪੈਣ ਤੇ।ਸੁਵਿਧਾ ਸਿਹਤ ਸੰਬੰਧੀ ਅਥਾਰਿਟੀਆਂ ਅਤੇ ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ ਸਥਾਨਕ ਜਵਾਬ ਦੇਣ ਵਾਲਿਆਂ ਦੇ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰਨਗੇ ਕਿ ਨਿਵਾਸੀ ਸੁਰੱਖਿਅਤ ਹਨ। ਇਹ ਲਾਗੂ ਹੁੰਦਾ ਹੈ ਭਾਵੇਂ ਨਿਵਾਸੀ ਦੇਖਭਾਲ ਦੀ ਸੁਵਿਧਾ ਵਿੱਚ ਰਹਿੰਦੇ ਹਨ ਜਾਂ ਕਿਸੇ ਹੋਰ ਸਥਾਨ ਤੇ ਚਲੇ ਜਾਂਦੇ ਹਨ।

ਉਸ ਸੁਵਿਧਾ, ਜਿਥੇ ਤੁਹਾਡੇ ਪਰਿਵਾਰ ਦਾ ਸਦੱਸ ਰਹਿੰਦਾ ਹੈ, ਵਿੱਚ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਅਤੇ ਯੋਜਨਾਬੰਧੀ ਬਾਰੇ ਜਾਣਕਾਰੀ ਲਈ, ਤੁਸੀਂ ਪੁੱਛ ਸਕਦੇ ਹੋ:

- ਸੁਵਿਧਾ ਦੇ ਲੋਕਾਂ ਨੂੰ ਉਥੋਂ ਹਟਾਉਣ ਦੀ ਯੋਜਨਾ ਕੀ ਹੈ
- ਸੁਵਿਧਾ ਦੇ ਨਿਵਾਸੀਆਂ ਨੂੰ ਕਿਥੇ ਲਿਜਾਇਆ ਜਾਏਗਾ
- ਹੰਗਾਮੀ ਸਥਿਤੀ (ਐਮਰਜੈਂਸੀ) ਦੇ ਦੌਰਾਨ ਪਰਿਵਾਰ ਦੇ ਸਦੱਸਾਂ ਦੀ ਕੀ ਭੂਮਿਕਾ ਹੁੰਦੀ ਹੈ

### ਜੇ ਹੰਗਾਮੀ ਸਥਿਤੀ (ਐਮਰਜੈਂਸੀ) ਦੌਰਾਨ ਮੈਂ ਆਪਣੇ ਪਰਿਵਾਰ ਦੇ ਸਦੱਸਾਂ ਦੀ ਦੇਖਭਾਲ ਕਰਨਾ ਚਾਹੁੰਦਾ/ਦੀ ਹਾਂ ਤਾਂ ਮੈਨੂੰ ਕਿਹੜੀਆਂ ਗੱਲਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ?

ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ, ਕੁਝ ਪਰਿਵਾਰ ਆਪਣੇ ਪਰਿਵਾਰ ਦੇ ਸਦੱਸਾਂ ਦੀ ਦੇਖਭਾਲ ਆਪ ਕਰਨਾ ਚਾਹ ਸਕਦੇ ਹਨ।

ਜੇਕਰ ਤੁਸੀਂ ਐਮਰਜੈਂਸੀ ਦੌਰਾਨ ਆਪਣੇ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਕਰਨਾ ਚਾਹੁੰਦੇ ਹੋ ਤਾਂ ਵਿਚਾਰਨ ਲਈ ਕੁਝ ਗੱਲਾਂ ਹਨ:

- ਕੀ ਤੁਹਾਡਾ ਘਰ ਉਚਿਤ ਹੈ, ਅਤੇ ਗਤੀਸ਼ੀਲਤਾ ਅਸਮਰਥਤਾ ਵਾਲੇ ਵਿਅਕਤੀ ਲਈ ਪਹੁੰਚਯੋਗ ਹੈ
- ਕੀ ਤੁਹਾਡੇ ਕੋਲ ਉਨ੍ਹਾਂ ਦੀਆਂ ਮੈਡੀਕਲ ਅਤੇ/ਜਾਂ ਚੱਲਣ ਫਿਰਨ ਸੰਬੰਧੀ ਅਵਸਥਾਵਾਂ ਵਾਲੇ ਵਿਅਕਤੀ ਦੀ ਦੇਖਭਾਲ ਕਰਨ ਦੀਆਂ ਕੁਸ਼ਲਤਾਵਾਂ ਹਨ
- ਕੀ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਦੇ ਹੋਏ ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹੋ
- ਕੀ ਤੁਸੀਂ ਉਹ ਭੋਜਨ ਤਿਆਰ ਕਰ ਸਕਦੇ ਹੋ ਜੋ ਉਹਨਾਂ ਦੀਆਂ ਖੁਰਾਕ ਦੀਆਂ ਲੋੜਾਂ ਨੂੰ ਪੂਰਾ ਕਰ

ਸਕਦਾ ਹੈ? ਉਦਾਹਰਨ ਲਈ, ਇਲਾਜ ਸੰਬੰਧੀ ਖੁਰਾਕ ਅਤੇ ਬਣਤਰ ਵਿੱਚ ਸੋਧਾਂ, ਜਿਵੇਂ ਕਿ ਗਾੜ੍ਹੇ ਤਰਲ ਪਦਾਰਥ ਅਤੇ ਬਾਰੀਕ ਜਾਂ ਕੀਮਾ ਕੀਤਾ ਭੋਜਨ

- ਕੀ ਤੁਸੀਂ ਘਰ ਦੇ ਤਾਪਮਾਨ ਨੂੰ ਸੁਰੱਖਿਅਤ ਰੱਖ ਸਕਦੇ ਹੋ? ਇਹ ਬਹੁਤ ਜ਼ਿਆਦਾ ਗਰਮ ਜਾਂ ਠੰਡੇ ਮੌਸਮ ਦੌਰਾਨ ਖਾਸ ਤੌਰ 'ਤੇ ਮਹੱਤਵਪੂਰਨ ਹੁੰਦਾ ਹੈ
- ਕੀ ਉਹਨਾਂ ਦੇ ਅਜਿਹੇ ਵਿਵਹਾਰ ਹਨ ਜੋ ਉਹਨਾਂ ਨੂੰ ਨੁਕਸਾਨ ਦੇ ਜੋਖਮ ਵਿੱਚ ਪਾਉਂਦੇ ਹਨ, ਜਿਵੇਂ ਕਿ ਭਟਕਣਾ? ਜੇ ਉਹ ਭਟਕਣ ਵਾਲੇ ਹਨ, ਤਾਂ ਤੁਸੀਂ ਆਪਣੇ ਘਰ ਨੂੰ ਸੁਰੱਖਿਅਤ ਅਤੇ ਮਹਿਫ਼ੂਜ਼ ਕਿਵੇਂ ਬਣਾ ਸਕਦੇ ਹੋ

**ਸੋਚਣ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਹਨ:**

- ਚੱਲਣ ਫਿਰਨ ਵਿੱਚ ਮਦਦ ਕਰਨ ਵਾਲੀਆਂ ਚੀਜ਼ਾਂ ਜਿਵੇਂ ਕਿ ਵੌਕਰ ਜਾਂ ਵ੍ਹੀਲਚੇਅਰ
- ਦਵਾਈਆਂ ਰੱਖਣਾ ਅਤੇ ਦੇਣਾ
- ਵਿਅਕਤੀ ਨੂੰ ਬਿਸਤਰੇ ਵਿੱਚੋਂ ਉਠਾਉਣ ਅਤੇ ਬਿਸਤਰੇ ਵਿੱਚ ਲਿਟਾਉਣ ਜਾਂ ਪੌੜੀਆ ਚੜ੍ਹਨ ਅਤੇ ਉਤਰਨ ਵਿੱਚ ਸਹਾਇਤਾ ਕਰਨਾ
- ਵਿਅਕਤੀ ਨੂੰ ਟਾਇਲਟ ਵਰਤਣ ਜਾਂ ਨਹਾਉਣ ਵਿੱਚ ਸਹਾਇਤਾ ਕਰਨਾ
- ਖਾਸ ਸਮਾਨ, ਜਿਵੇਂ ਕਿ ਲਿਫਟਾਂ, ਪਕੜਨ ਵਾਲੇ ਡੰਡੇ (grab bars) ਅਤੇ ਉੱਚੀ ਟਾਇਲਟ ਸੀਟ
- ਖੁਰਾਕ ਸੰਬੰਧੀ ਖਾਸ ਲੋੜਾਂ
- ਤੁਹਾਡੇ ਘਰ ਦੀ ਸੁਰੱਖਿਆ ਅਤੇ ਹਿਫਾਜਤ
- ਘਰੇਲੂ ਸੰਕਟਕਾਲੀਨ ਯੋਜਨਾ ਲਈ ਆਪਣੇ ਘਰ ਨੂੰ ਤਿਆਰ ਕਰਨਾ
- ਭੋਜਨ, ਪਾਣੀ ਅਤੇ ਕੁਝ ਬੁਨਿਆਦੀ ਸਪਲਾਈਆਂ ਨਾਲ ਇੱਕ ਐਮਰਜੈਂਸੀ ਕਿੱਟ ਤਿਆਰ ਕਰਨਾ

## ਹੋਰ ਜਾਣਕਾਰੀ ਲਈ

ਕਈ ਸਥਾਨਕ ਸਿਹਤ ਅਥਾਰਟੀਆਂ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਜਾਣਕਾਰੀ ਮੁਹੱਈਆਂ ਕਰਦੀਆਂ ਹਨ:

**ਫਰੇਜ਼ਰ ਹੈਲਥ (Fraser Health)**

www.fraserhealth.ca/health-topics-a-to-z/emergency-preparedness

**ਇੰਨਟੀਰੀਅਰ ਹੈਲਥ (Interior Health)**

www.interiorhealth.ca/health-and-wellness/natural-disasters-and-emergencies

**ਆਏਲੈਂਡ ਹੈਲਥ (Island Health)**

https://www.islandhealth.ca/about-us/accountability/emergency-management

**ਨੌਰਦਰਨ ਹੈਲਥ (Northern Health)**

www.northernhealth.ca

**ਵੈਨਕੂਵਰ ਕੋਸਟਲ ਹੈਲਥ (Vancouver Coastal Health)**

www.vch.ca/en/service/community-care-facilities-licensing

ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਹੋਰ ਜਾਣਕਾਰੀ ਲਈ, www2.gov.bc.ca/gov/content/safety/emergency-management/preparedbc ਤੇ ਪ੍ਰਿਪੇਅਰਡਬੀਸੀ (PreparedBC) ਤੇ ਜਾਓ।